| Surname | | Other Names | |
|---|---|---|---|
| Centre Number | | Candidate Number | |
| Candidate Signature | | | |

| Leave blank |
|---|
| |

General Certificate of Education
June 2005
Advanced Subsidiary Examination

ASSESSMENT and QUALIFICATIONS ALLIANCE

# PANJABI
# Unit 1

**PAN1**

Monday 23 May 2005 1.30 pm to 4.30 pm

**In addition to this paper you will require:**
the text for Section 1 on an insert (enclosed).

Time allowed: 3 hours

| For Examiner's Use | | | |
|---|---|---|---|
| Section | Mark | Section | Mark |
| 1 | | | |
| 2 | | | |
| 3 | | | |
| | | | |
| | | | |
| | | | |
| | | | |
| | | | |
| | | | |
| | | | |
| | | | |
| | | | |
| Total (Column 1) → | | | |
| Total (Column 2) → | | | |
| TOTAL | | | |
| Examiner's Initials | | | |

**Instructions**
- Use blue or black ink or ball-point pen.
- Fill in the boxes at the top of this page.
- Answer **all** the questions in the spaces provided.
- Do all rough work in this book. Cross through any work you do not want marked.

**Information**
- The maximum mark for this paper is 100.
- Mark allocations are shown in brackets.
- You must **not** use a dictionary during this examination.
- You should note that the quality of your written language in both Panjabi and English will be taken into account when awarding marks.
- If you need extra paper, use the Supplementary Answer Sheets.
- This unit is divided into three sections.

| | |
|---|---|
| Section 1 | 40 marks |
| Section 2 | 15 marks |
| Section 3 | 45 marks |

**Advice**
- You should try to use your own words as much as possible and to write as accurately and neatly as possible.

LEAVE MARGIN BLANK

## ਸੈਕਸ਼ਨ 1

ਪਰਚੇ ਨਾਲ ਦਿੱਤੀ ਗਈ ਵਾਰਤਾ ਨੂੰ ਪੜ੍ਹੋ ਅਤੇ ਇਸ ਤੇ ਅਧਾਰਿਤ ਅੱਗੇ ਦਿੱਤੇ ਪ੍ਰਸ਼ਨਾਂ ਦੇ ਉੱਤਰ ਪੰਜਾਬੀ ਵਿੱਚ ਲਿਖੋ।
10 ਨੰਬਰ ਚੰਗੀ ਭਾਸ਼ਾ ਲਈ ਰਾਖਵੇਂ ਹਨ।

1 ਵਾਰਤਾ ਵਿੱਚ ਪਾਣੀ ਦੀ ਮਹੱਤਤਾ ਬਾਰੇ ਕੀ ਦੱਸਿਆ ਗਿਆ ਹੈ ?

........................................................................................................................

........................................................................................................................

........................................................................................................................

........................................................................................................................

*(4 marks)*

2 ਪਾਣੀ ਦਾ ਭਿਆਨਕ ਰੂਪ ਕਿਹੜਾ ਹੈ ਅਤੇ ਇਹ ਕਿਸ ਤਰ੍ਹਾਂ ਦੇ ਨੁਕਸਾਨ ਕਰਦਾ ਹੈ ?

........................................................................................................................

........................................................................................................................

........................................................................................................................

........................................................................................................................

*(4 marks)*

3 ਵਿਗਿਆਨੀਆਂ ਨੂੰ ਕਿਸ ਗੱਲ ਦਾ ਫਿਕਰ ਹੈ ਤੇ ਇਸ ਦੇ ਸਿੱਟੇ ਕੀ ਹੋਣਗੇ ?

........................................................................................................................

........................................................................................................................

........................................................................................................................

........................................................................................................................

*(4 marks)*

4 ਸਮੁੰਦਰੀ ਪਾਣੀ ਦੇ ਪੱਧਰ ਦੀ ਉਚਾਈ ਵਧਣ ਨਾਲ ਹੋਰ ਕੀ ਕੀ ਭੈੜੇ ਅਸਰ ਹੋ ਸਕਦੇ ਹਨ ?

........................................................................................................................

........................................................................................................................

........................................................................................................................

........................................................................................................................

*(4 marks)*

LEAVE MARGIN BLANK

**5** ਪੰਜਾਬ ਵਿੱਚ ਪਾਣੀ ਦੀ ਸਮੱਸਿਆ ਬਾਰੇ ਕੀ ਕੀ ਕਿਹਾ ਗਿਆ ਹੈ ਅਤੇ ਇਸ ਦੇ ਨਤੀਜੇ ਵਜੋਂ ਕੀ ਹੋ ਸਕਦਾ ਹੈ ?

.............................................................................................................................................

.............................................................................................................................................

.............................................................................................................................................

.............................................................................................................................................

*(4 marks)*

**6** ਪਾਣੀ ਦੀ ਘਾਟ ਅਤੇ ਇਸ ਦੇ ਪ੍ਰਦੂਸ਼ਣ ਵਧਣ ਨਾਲ ਕਿਹੜਾ ਖਤਰਾ ਪੈਦਾ ਹੋ ਸਕਦਾ ਹੈ ਅਤੇ ਤੁਹਾਡੇ ਖਿਆਲ ਵਿੱਚ ਸਾਨੂੰ ਇਸ ਬਾਰੇ ਕੀ ਕਰਨਾ ਚਾਹੀਦਾ ਹੈ ?

.............................................................................................................................................

.............................................................................................................................................

.............................................................................................................................................

.............................................................................................................................................

*(4 marks)*

**TURN OVER FOR THE NEXT QUESTION**

LEAVE MARGIN BLANK

**7** ਹੇਠ ਲਿਖਿਆਂ ਸ਼ਬਦਾਂ ਦੇ ਸਮਾਨ-ਅਰਥ ਸ਼ਬਦ ਜਾਂ ਵਾਕਅੰਸ਼ ਵਾਰਤਾ ਵਿੱਚੋਂ ਲੱਭ ਕੇ ਲਿਖੋ:

(i) ਤਬਾਹ ਕਰ ਜਾਂਦੇ ਹਨ

..............................................................................................................................

(ii) ਡਰਾ ਦੇਣ ਵਾਲੀ

..............................................................................................................................

(iii) ਪਾਣੀ ਵਿੱਚ ਡੁੱਬ ਜਾਣਗੇ

..............................................................................................................................

(iv) ਨੁਕਸਾਨ ਉਠਾ ਰਿਹਾ ਹੈ

..............................................................................................................................

(v) ਹੌਲੀ ਰਫਤਾਰ

..............................................................................................................................

(vi) ਘਾਟ

..............................................................................................................................

*(6 marks)*

*30*

\+

*Quality of written communication: 10 marks* *10*

=

**Total** *40*

LEAVE MARGIN BLANK

## ਸੈਕਸ਼ਨ 2

ਹੇਠ ਲਿਖੀ ਵਾਰਤਾ ਦਾ ਅੰਗਰੇਜ਼ੀ ਵਿੱਚ ਉਲਥਾ ਕਰੋ।

ਸਾਨੂੰ ਸਾਰਿਆਂ ਨੂੰ ਜਿਉਂਦੇ ਰਹਿਣ ਲਈ ਭੋਜਨ ਦੀ ਲੋੜ ਹੈ ਅਤੇ ਇਹ ਜ਼ਰੂਰੀ ਹੈ ਕਿ ਸਾਡਾ ਖਾਣਾ ਸਾਨੂੰ ਬਿਮਾਰ ਨਾ ਕਰੇ। ਰਸੋਈ ਅਤੇ ਭਾਂਡਿਆਂ ਦੀ ਸਫਾਈ ਰੱਖਣੀ ਖਾਣੇ ਸਬੰਧੀ ਸਿਹਤ ਵਿਦਿਆ ਦਾ ਇੱਕ ਮਹੱਤਵਪੂਰਨ ਭਾਗ ਹੈ। ਸਾਨੂੰ ਸਾਰਿਆਂ ਨੂੰ ਭੋਜਨ ਦੀ ਸਫਾਈ ਬਾਰੇ ਸਿੱਖਣਾ ਚਾਹੀਦਾ ਹੈ। ਸਾਨੂੰ ਟਰੇਨਿੰਗ ਲੈਣੀ ਚਾਹੀਦੀ ਹੈ ਕਿ ਜਿਹੜਾ ਭੋਜਨ ਅਸੀਂ ਤਿਆਰ ਕਰਦੇ ਹਾਂ ਉਹ ਜਿੱਥੇ ਤੱਕ ਹੋ ਸਕੇ ਸੁਰੱਖਿਅਤ ਹੋਵੇ।

ਚੰਗੀਆਂ ਆਦਤਾਂ ਖਾਣੇ ਨੂੰ ਗੰਦਾ ਹੋਣ ਤੋਂ ਬਚਾਉਣਗੀਆਂ। ਰਸੋਈ ਹਮੇਸ਼ਾਂ ਸਾਫ ਅਤੇ ਸਵਾਰ ਕੇ ਰੱਖਣੀ ਚਾਹੀਦੀ ਹੈ। ਇਹ ਜਾਣਨਾ ਅਤਿ ਜ਼ਰੂਰੀ ਹੈ ਕਿ ਹਰੇਕ ਚੀਜ਼ ਕਿਸ ਤਰ੍ਹਾਂ ਸਾਫ ਕਰਨੀ ਹੈ ਤਾਂ ਕਿ ਵਰਤਣ ਵਾਸਤੇ ਸੁਰੱਖਿਅਤ ਹੋਵੇ। ਕਿਸੇ ਵੀ ਬਿਮਾਰੀ ਤੋਂ ਬਚਣ ਵਾਸਤੇ ਖਾਣੇ ਨੂੰ ਚੰਗੀ ਤਰ੍ਹਾਂ ਪਕਾਉਣਾ ਚਾਹੀਦਾ ਹੈ।

*(15 marks)*

........................................................................................................................

........................................................................................................................

........................................................................................................................

........................................................................................................................

........................................................................................................................

........................................................................................................................

........................................................................................................................

........................................................................................................................

........................................................................................................................

........................................................................................................................

........................................................................................................................

........................................................................................................................

........................................................................................................................

........................................................................................................................

........................................................................................................................

........................................................................................................................

........................................................................................................................

/15

**Turn over ▶**

LEAVE MARGIN BLANK

## ਸੈਕਸ਼ਨ 3

ਤੁਸੀਂ ਲੇਖ ਦਾ ਇੱਕ ਭਾਗ ਪੜ੍ਹਦੇ ਹੋ।

ਕੱਲ੍ਹ ਜਦੋਂ ਮੈਂ ਟੈਲੀਵਿਯਨ ਤੇ ਪੰਜਾਬੀ ਗੀਤ ਸੰਗੀਤ ਦਾ ਪ੍ਰੋਗਰਾਮ ਦੇਖ ਰਿਹਾ ਸੀ ਤਾਂ ਮੈਂ ਪੰਜਾਬੀ ਸੰਗੀਤ ਦੀ ਤਰੱਕੀ ਬਾਰੇ ਸੋਚ ਕੇ ਬਹੁਤ ਖੁਸ਼ ਹੋ ਰਿਹਾ ਸੀ। ਪਰ ਜਦੋਂ ਹੀ ਇੱਕ ਪੰਜਾਬੀ ਗੀਤ ਤੇ ਅੱਧ-ਨੰਗੀਆਂ ਕੁੜੀਆਂ ਨੇ ਨੱਚਣਾ ਸ਼ੁਰੂ ਕੀਤਾ ਤਾਂ ਮੇਰੇ ਨਾਲ ਬੈਠੇ ਮੇਰੇ ਮਾਤਾ ਜੀ ਨੇ ਸ਼ਰਮ ਨਾਲ ਸਿਰ ਨੀਵਾਂ ਕਰ ਲਿਆ। ਮੈਨੂੰ ਵੀ ਬਹੁਤ ਦੁੱਖ ਹੋਇਆ ਕਿ ਪੰਜਾਬੀ ਕਲਚਰ ਨੂੰ ਕਿੰਨੇ ਘਟੀਆ ਤਰੀਕੇ ਨਾਲ ਪੇਸ਼ ਕੀਤਾ ਜਾ ਰਿਹਾ ਹੈ।

ਆਪਣੇ ਮਿੱਤਰ / ਸਹੇਲੀ ਨੂੰ ਇੱਕ ਚਿੱਠੀ ਲਿਖੋ ਜਿਸ ਵਿੱਚ ਤੁਸੀਂ ਹੇਠ ਲਿਖੀਆਂ ਗੱਲਾਂ ਬਾਰੇ ਲਿਖ ਸਕਦੇ ਹੋ :

- ਪੰਜਾਬੀ ਸੰਗੀਤ ਦੀ ਤਰੱਕੀ ਬਾਰੇ।
- ਇੰਗਲੈਂਡ ਵਿੱਚ ਪੰਜਾਬੀ ਸੰਗੀਤ ਬਾਰੇ।
- ਹਿੰਦੀ ਫ਼ਿਲਮਾਂ ਵਿੱਚ ਪੰਜਾਬੀ ਸੰਗੀਤ ਬਾਰੇ।
- ਸੰਗੀਤ ਦੀਆਂ ਫਿਲਮਾਂ ਵਿੱਚ ਪੇਸ਼ ਕੀਤੇ ਜਾ ਰਹੇ ਪੰਜਾਬੀ ਕਲਚਰ ਬਾਰੇ।
- ਇਸ ਵਿਸ਼ੇ ਤੇ ਤੁਹਾਡੇ ਵਿਚਾਰ।

*(45 marks)*

..........................................................................................................................................

..........................................................................................................................................

..........................................................................................................................................

..........................................................................................................................................

..........................................................................................................................................

..........................................................................................................................................

..........................................................................................................................................

..........................................................................................................................................

..........................................................................................................................................

..........................................................................................................................................

..........................................................................................................................................

LEAVE MARGIN BLANK

45

LEAVE MARGIN BLANK

**THERE ARE NO QUESTIONS PRINTED ON THIS PAGE**

**Acknowledgements of copyright-holders and publishers**
Permission to reproduce all copyright material has been applied for. In some cases, efforts to contact copyright owners have been unsuccessful and AQA will be happy to rectify any omissions of acknowledgements in future if notified.

Copyright © 2005 AQA and its licensors. All rights reserved.

# ਮਨੁੱਖਤਾ ਲਈ ਪਾਣੀ ਦਾ ਮਹੱਤਵ

ਪਾਣੀ ਜੀਵਨ ਹੈ ਤੇ ਜੀਵਨ ਦਾ ਅਧਾਰ ਹੈ ਪਾਣੀ । ਖਾਧੇ ਬਿਨਾਂ ਛੇਤੀ ਕੀਤਿਆਂ ਕੋਈ ਨਹੀਂ ਮਰਦਾ ਪਰ ਪਾਣੀ ਬਗੈਰ ਜੀਣਾ ਅਸੰਭਵ ਹੈ । ਪਾਣੀ ਮਨੁੱਖ ਦੀ ਪਿਆਸ ਬੁਝਾਉਣ ਦਾ ਇੱਕ ਸਾਧਨ ਹੀ ਨਹੀਂ ਬਲਕਿ ਜਿਉਂਦੇ ਰਹਿਣ ਲਈ ਮਨੁੱਖ ਦੀਆਂ ਸਾਰੀਆਂ ਲੋੜਾਂ ਪਾਣੀ ਨਾਲ ਹੀ ਜੁੜੀਆਂ ਹੋਈਆਂ ਹਨ । ਜਿੱਥੇ ਪਾਣੀ ਮਨੁੱਖਤਾ ਦੀ ਹੋਂਦ ਦਾ ਅਧਾਰ ਹੈ ਉੱਥੇ ਇਹ ਕਦੇ ਕਦੇ ਤਬਾਹੀ ਮਚਾਉਣ ਵਾਲੇ ਰੂਪ ਵਿੱਚ ਵੀ ਪੇਸ਼ ਹੁੰਦਾ ਹੈ । ਹੜ੍ਹ ਜਿੱਧਰ ਦੀ ਲੰਘਦੇ ਹਨ ਸਦੀਆਂ ਤੋਂ ਬਣੇ ਘਰ, ਇਮਾਰਤਾਂ ਅਤੇ ਸਭਿਅਤਾ ਨੂੰ ਪਲਾਂ ਵਿੱਚ ਹੀ ਢਹਿ-ਢੇਰੀ ਕਰ ਜਾਂਦੇ ਹਨ । ਹੜ੍ਹਾਂ ਦੇ ਵਹਿਣ ਕੁਝ ਵੀ ਨਹੀਂ ਛੱਡਦੇ ਅਤੇ ਇਹ ਭਿਆਨਕ ਤਬਾਹੀ ਮਚਾ ਦਿੰਦੇ ਹਨ ।

ਇਸੇ ਕਾਰਣ ਹੀ ਅੱਜ ਵਿਗਿਆਨੀਆਂ ਨੂੰ ਦੁਨੀਆਂ ਵਿੱਚ ਵਧ ਰਹੀ 'ਗਲੋਬਲ ਵਾਰਮਿੰਗ' ਦੀ ਚਿੰਤਾ ਲੱਗੀ ਹੋਈ ਹੈ । ਤਾਪਮਾਨ ਦੇ ਇਸ ਕਦਰ ਵਧਦੇ ਜਾਣ ਨਾਲ ਉੱਚੀਆਂ ਪਹਾੜੀਆਂ ਤੇ ਜੰਮੀ ਬਰਫ ਜ਼ਿਆਦਾ ਪਿਘਲਣ ਲੱਗ ਜਾਵੇਗੀ ਅਤੇ ਇਸ ਨਾਲ ਸਮੁੰਦਰਾਂ ਦੇ ਪਾਣੀ ਦਾ ਪੱਧਰ ਉੱਚਾ ਹੋ ਜਾਵੇਗਾ । ਨੀਵੇਂ ਇਲਾਕਿਆਂ ਵਿੱਚ ਹੜ੍ਹ ਬਹੁਤ ਆਉਣਗੇ । ਸਮੁੰਦਰੀ ਕੰਢਿਆਂ ਤੇ ਵਸਣ ਵਾਲੇ ਕਈ ਸ਼ਹਿਰ ਪਾਣੀ ਵਿੱਚ ਅਲੋਪ ਹੋ ਜਾਣਗੇ । ਇਸੇ ਤਰ੍ਹਾਂ ਬਹੁਤ ਸਾਰੇ ਮਨੁੱਖੀ ਅਬਾਦੀ ਵਾਲੇ ਟਾਪੂ ਵੀ ਪਾਣੀ ਵਿੱਚ ਡੁੱਬ ਜਾਣਗੇ । ਸਮੁੰਦਰੀ ਪਾਣੀ ਦੇ ਤਲ ਦੀ ਉਚਾਈ ਵਧਣ ਨਾਲ ਪਾਣੀ ਦੇ ਮਿੱਠੇ ਸੋਮਿਆਂ ਵਿੱਚ ਖਾਰਾ ਪਾਣੀ ਮਿਲ ਜਾਵੇਗਾ । ਸਮੁੰਦਰੀ ਜੀਵ-ਜੰਤੂ, ਮੱਛੀਆਂ ਅਤੇ ਡੁੱਬਣ ਵਾਲੇ ਧਰਤੀ ਦੇ ਹਿੱਸਿਆਂ ਵਿੱਚ ਪੈਦਾ ਹੋਣ ਵਾਲੀਆਂ ਫਸਲਾਂ ਤੇ ਇਸ ਦਾ ਬਹੁਤ ਹੀ ਬੁਰਾ ਅਸਰ ਪਵੇਗਾ ।

ਅੱਜ ਜਦੋਂ ਅਸੀਂ ਪੰਜ ਪਾਣੀਆਂ ਦੀ ਧਰਤੀ ਪੰਜਾਬ ਦੇ ਪਾਣੀਆਂ ਦੀ ਚਰਚਾ ਕਰਦੇ ਹਾਂ ਤਾਂ ਦੁੱਖ ਹੁੰਦਾ ਹੈ ਕਿ ਇਹ ਤਾਂ ਹੁਣ ਦੋਹਾਂ ਪਾਸਿਆਂ ਤੋਂ ਸੱਟਾਂ ਖਾ ਰਿਹਾ ਹੈ । ਪਾਣੀ ਦੀ ਘਾਟ ਕਾਰਨ ਖੇਤੀ ਬਾੜੀ ਦਾ ਕੰਮ ਘਟ ਰਿਹਾ ਹੈ । ਨਹਿਰਾਂ ਦੇ ਪਾਣੀ ਦੀ ਉਹ ਗੱਲ ਨਹੀਂ ਰਹੀ, ਪਾਣੀ ਦੇ ਸੋਮੇ ਸੁੰਗੜਦੇ ਜਾ ਰਹੇ ਹਨ ਅਤੇ ਬਾਰਸ਼ਾਂ ਘਟ ਗਈਆਂ ਹਨ । ਪਹਾੜਾਂ ਤੋਂ ਉੱਤਰਦੇ ਪਾਣੀ ਦੀ ਚਾਲ ਸੁਸਤ ਹੋ ਗਈ ਹੈ ਅਤੇ ਧਰਤੀ ਹੇਠਲੇ ਪਾਣੀ ਦਾ ਪੱਧਰ ਹੋਰ ਵੀ ਨੀਵਾਂ ਹੋ ਰਿਹਾ ਹੈ । ਜੇ ਹਾਲਾਤ ਇਸੇ ਤਰ੍ਹਾਂ ਹੀ ਰਹੇ ਤਾਂ ਪੰਜਾਬ ਵਿੱਚ ਖੇਤੀ ਬਾੜੀ ਦਾ ਕੰਮ ਖਤਰੇ ਵਿੱਚ ਪੈ ਜਾਵੇਗਾ ।

ਹੁਣ ਸਾਰੀ ਦੁਨੀਆਂ ਵਿੱਚ ਪਾਣੀ ਦੀ ਕਿੱਲਤ ਦੇ ਵਿਸ਼ੇ ਤੇ ਚਰਚਾ ਹੋ ਰਹੀ ਹੈ । ਪਹਾੜਾਂ ਤੋਂ ਵਹਿੰਦੇ ਪਾਣੀ ਪੀਣ ਯੋਗ ਨਹੀਂ ਰਹੇ ਕਿਉਂਕਿ ਪਾਣੀ ਦਾ ਪ੍ਰਦੂਸ਼ਣ ਵਧ ਰਿਹਾ ਹੈ । ਉਹ ਦਿਨ ਦੂਰ ਨਹੀਂ ਜਦ ਅਸੀਂ ਸ਼ੁੱਧ ਪਾਣੀ ਪੀਣ ਲਈ ਤਰਸ ਜਾਵਾਂਗੇ ਅਤੇ ਫਿਰ ਸ਼ੁੱਧ ਪਾਣੀ ਦਾ ਨਾ ਮਿਲਣਾ ਮਨੁੱਖੀ ਹੋਂਦ ਲਈ ਖਤਰਾ ਬਣ ਜਾਵੇਗਾ ।

*Source: www.5abi.com*

Copyright © 2005 AQA and its licensors. All rights reserved.